**International Research Journal of Human Resources and Social Sciences**
ISSN(O): (2349-4085) ISSN(P): (2394-4218)
**Impact Factor-** 5.414, Volume 4, Issue 11, November 2017
**Website-** www.aarf.asia, **Email** : editor@aarf.asia , editoraarf@gmail.com

# ਔਰਤ, ਪਰਵਾਸ ਅਤੇ ਪਰਿਵਾਰ
## (ਸੰਤੋਖ ਧਾਲੀਵਾਲ ਦੇ ਨਾਵਲਾਂ ਦੇ ਪ੍ਰਸੰਗ ਵਿਚ)

***ਜਸਪ੍ਰੀਤ ਕੌਰ***

*ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ*

*ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਿਲ ਲਾਈਨਜ਼, ਲੁਧਿਆਣਾ।*

ਵੀਹਵੀਂ ਸਦੀ ਵਿਚ ਬਦਲਦੀਆਂ ਸਮਾਜਿਕ-ਇਤਿਹਸਕ ਪ੍ਰਕਿਰਿਆਵਾਂ ਦੇ ਪ੍ਰਸੰਗ ਵਿਚ ਨਵੇਂ ਸੰਕਲਪਾਂ, ਦ੍ਰਿਸ਼ਟੀਕੋਣਾਂ ਅਤੇ ਆਯਾਮ ਸਿਰਜਣਾ ਹੋਈ ਹੈ। ਵੀਹਵੀਂ ਸਦੀ ਦਾ ਇਹ ਦੌਰਾ ਨਿਰੰਤਰ ਤਬਦੀਲੀਆਂ ਵਾਲਾ ਅਤੇ ਨਿਰੰਤਰ ਗਤੀਸ਼ੀਲਤਾ ਦਾ ਧਾਰਨੀ ਹੈ। ਇਨ੍ਹਾਂ ਨਿੱਤ ਬਦਲਦੀਆਂ ਪ੍ਰਕਿਰਿਆਵਾਂ ਦੇ ਸੰਦਰਭ ਵਿਚ ਹੀ ਵੀਹਵੀਂ ਸਦੀ ਵਿਚ 'ਪਰਵਾਸ' ਦੀ ਪ੍ਰਕਿਰਿਆ ਜ਼ੋਰ ਫੜਦੀ ਹੈ। ਪਰਵਾਸ ਦੀ ਪ੍ਰਕਿਰਿਆ ਵਿਚ ਵਿਅਕਤੀ ਆਪਣੀ ਜੱਦੀ ਜਾਂ ਮਾਂ ਭੂਮੀ ਨੂੰ ਛੱਡ ਕੇ ਅੰਦਰੂਨੀ ਅਤੇ ਬਾਹਰੀ ਕਾਰਕਾਂ ਦੇ ਦਬਾਅ ਹੇਠ ਓਪਰੀ ਜਾਂ ਬੇਗਾਨੀ ਧਰਤੀ ਵੱਲ ਰੁਖ ਕਰਦਾ ਹੈ। ਪਰਵਾਸ ਉਂਞ ਮਨੁੱਖ ਦੀ ਮੁੱਢਲੀ ਅਤੇ ਮਹੱਤਵਪੂਰਨ ਪ੍ਰਵਿਰਤੀ ਰਹੀ ਹੈ। ਮਨੁੱਖ ਦਾ ਮਾਂ ਦੇ ਗਰਭ ਵਿਚ ਆਉਣਾ ਅਤੇ ਫਿਰ ਗਰਭ ਤੋਂ ਧਰਤ ਲੋਕ ਉੱਪਰ ਪੈਰ ਪਾਉਣ ਨੂੰ ਵੀ ਪਰਵਾਸ ਦੀ ਪ੍ਰਵਿਰਤੀ ਤਹਿਤ ਸਮਝਿਆ ਜਾ ਸਕਦਾ ਹੈ। ਧਰਤ ਲੋਕ ਉੱਪਰ ਆਉਣ ਉਪਰੰਤ ਮਾਨਵ ਵੱਖੋ-ਵੱਖਰੇ ਕਬੀਲਿਆਂ ਵਿਚ ਵੰਡਿਆ ਗਿਆ। ਇਨ੍ਹਾਂ ਕਬੀਲਿਆਂ ਨੇ ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਦੇ ਸੰਦਰਭ ਵਿਚ ਬਹੁਤ ਵਾਰੀ ਥਾਂ ਬਦਲੀ ਵੀ ਕੀਤੀ। ਜੰਗੀਆਂ ਸਮਾਜਿਕ ਪ੍ਰਸਥਿਤੀਆਂ ਦੀ ਭਾਲ ਵਿਚ ਮਾਨਵ ਨੇ ਪਰਵਾਸ ਦੀ ਪ੍ਰਕਿਰਿਆ ਨੂੰ ਜਾਰੀ ਰੱਖਿਆ। ਪਰਵਾਸੀ/ਪਰਵਾਸ ਲਈ ਅੰਗਰੇਜ਼ੀ ਭਾਸ਼ਾ ਵਿਚ Migrant, Immigrate ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਰੰਤੂ ਹੁਣ ਇਸ ਪ੍ਰਕਿਰਿਆ ਨੂੰ 'ਡਾਇਸਪੋਰਾ' (Diaspora) ਸ਼ਬਦ ਦੇ ਨਾਮ ਨਾਲ ਵੀ ਸਾਹਿਤਕ ਹਲਕਿਆਂ ਵਿਚ ਜਾਣਿਆ ਜਾਣ ਲੱਗ ਪਿਆ ਹੈ। ਪ੍ਰਸਿੱਧ ਅੰਗਰੇਜ਼ੀ ਵਿਦਵਾਨ Robin Cohen ਆਪਣੀ ਪੁਸਤਕ 'Global Diaspora: An Introduction' ਵਿਚ Diaspora ਸ਼ਬਦ ਬਾਰੇ ਵਿਚਾਰ ਕਰਦੇ ਹੋਏ ਲਿਖਦਾ ਹੈ:

**© Associated Asia Research Foundation (AARF)**
A Monthly Double-Blind Peer Reviewed Refereed Open Access International e-Journal - Included in the International Serial Directories.

"Diaspora ਸ਼ਬਦ ਦੋ ਸ਼ਬਦਾਂ ਦੇ ਸੁਮੇਲ Dia+Speiro ਤੋਂ ਬਣਿਆ ਹੈ। Dia ਤੋਂ ਭਾਵ ਅਲੱਗ-ਅਲੱਗ ਜਾਂ ਦੂਰੀ ਤੇ Speiro ਦਾ ਅਰਥ ਖਿਲਾਰਨਾ ਜਾਂ ਬੀਜਣਾ ਹੈ।"[1]

ਡਾ. ਸਤਿੰਦਰ ਸਿੰਘ ਨੂਰ ਅਨੁਸਾਰ, "ਕੋਈ ਵੀ ਸਮਾਜ ਜਾਂ ਸੱਭਿਆਚਾਰ ਅਜਿਹਾ ਨਹੀਂ ਹੈ ਜਸ ਦਾ ਡਾਇਸਪੋਰਾ ਨਾਲ ਸਰੋਕਾਰ ਨਾ ਹੋਵੇ। ਅੱਜ ਦੁਨੀਆ ਦੇ ਜਿੰਨੇ ਵੀ ਸਾਹਿਤ ਹਨ, ਉਨ੍ਹਾਂ ਵਿਚ ਇਹ ਸ਼ਬਦ ਉਨ੍ਹਾਂ ਸਮਾਜਾਂ ਦੇ ਭਾਈਚਾਰਿਆਂ ਲਈ ਵਰਤਿਆ ਜਾ ਰਿਹਾ ਹੈ ਜਿਹੜੇ ਭਾਈਚਾਰੇ ਆਪਣੀ ਮੂਲ ਥਾਂ ਨੂੰ ਛੱਡ ਕੇ ਪਰਾਈ ਥਾਂ 'ਤੇ ਰਹਿ ਕੇ ਆਪਣੀ ਸਪੇਸ ਸਿਰਜਣ ਲਈ ਸੰਘਰਸ਼ ਕਰ ਰਹੇ ਹਨ।"[2]

ਇਸ ਪ੍ਰਕਾਰ ਪਰਵਾਸ ਜਾਂ ਡਾਇਸਪੋਰਾ ਨਿਰੰਤਰ ਵਾਪਰਦੇ ਰਹਿਣ ਵਾਲੀ ਪ੍ਰਕਿਰਿਆ ਹੈ। ਬਾਹਰੀ ਅਤੇ ਅੰਦਰੂਨੀ ਕਾਰਕਾਂ ਦੇ ਪ੍ਰਭਾਵ ਹੇਠ ਅਤੇ ਚੰਗੇ ਮੌਕਿਆਂ ਦੀ ਭਾਲ ਜਾਂ ਚੇਸ਼ਟਾ ਇਸ ਪ੍ਰਕਿਰਿਆ ਦੇ ਮੁਢਲੇ ਅੰਗ ਹਨ। ਪਰਿਵਾਸ ਸ਼ਬਦ ਅਤੇ ਡਾਇਸਪੋਰਾ ਸ਼ਬਦ ਦੀ ਵਰਤੋਂ ਬਾਰੇ ਵੀ ਹੁਣ ਸਾਹਿਤਕ ਹਲਕਿਆਂ ਵਿਚ ਵਿਚਾਰ ਚਰਾ ਸ਼ੁਰੂ ਹੋ ਗਈ ਹੈ। ਡਾਇਸਪੋਰਾ ਸ਼ਬਦ ਵਿਚ ਜੱਦੀ ਭੂਮੀ ਛੱਡਣ ਨੂੰ ਰਾਜਨੀਤਿਕ ਪਰਿਪੇਖ ਤੋਂ ਖਦੇੜੇ ਜਾਣ ਦਾ ਕਾਰਕ ਕਾਰਜ ਕਰਦਾ ਹੈ। ਲੇਕਿਨ ਪੰਜਾਬੀ ਪਰਵਾਸੀਕਰਨ ਦੀ ਪ੍ਰਕਿਰਿਆ ਵਿਚ ਇਹ ਕਾਰਕ ਮੇਲ ਨਹੀਂ ਖਾਂਦਾ। ਜਿਸ ਕਰਕੇ ਪੰਜਾਬੀ ਦੇ ਵਿਦਵਾਨਾਂ ਅਨੁਸਾਰ ਪੰਜਾਬੀ ਪਰਵਾਸੀਕਰਨ ਦੀ ਪ੍ਰਕਿਰਿਆ ਲਈ 'ਡਾਇਸਪੋਰਾ' ਸ਼ਬਦ ਦੀ ਵਰਤੋਂ ਉਚਿਤ ਨਹੀਂ ਹੈ। ਖ਼ੈਰ ਇਸ ਮਸਲੇ ਬਾਰੇ ਹੋਰ ਸੰਜੀਦਗੀ ਨਾਲ ਸੋਚ ਵਿਚਾਰ ਉਪਰੰਤ ਫੈਸਲਾ ਲੈਣਾ ਉਚਿਤਾ ਹੋਵੇਗਾ ਅਤੇ ਇਹ ਬੁੱਧੀਜੀਵੀਆਂ ਦਾ ਕੰਮ ਹੈ।

ਪੰਜਾਬੀ ਪਰਵਾਸ ਦੀ ਪ੍ਰਕਿਰਿਆ ਤਹਿਤ ਮਰਦ ਘਰ ਦਾ ਗੁਜ਼ਾਰਾ ਕਰਨ ਤਹਿਤ, ਰੋਜ਼ੀ ਰੋਟੀ ਦੇ ਵਸੀਲਿਆਂ ਦੀ ਭਾਲ ਵਿਚ ਪਰਾਈ ਧਰਤੀ 'ਤੇ ਗਿਆ। ਉਸ ਦਾ ਮੰਤਵ ਚੰਗੀ ਕਮਾਈ ਕਰਨ ਉਪਰੰਤ ਵਾਪਸ ਵਤਨ ਪਰਤ ਜਾਣਾ ਹੀ ਸੀ। ਪਰੰਤੂ 1965 ਵਿਚ ਇਮੀਗਰੇਸ਼ਨ ਕਾਨੂੰਨ ਰਾਹੀਂ ਆਪੋ ਆਪਣੇ ਪਰਿਵਾਰਾਂ ਨੂੰ ਉੱਥੇ ਬੁਲਾਉਣ ਦੀ ਖੁੱਲ੍ਹ ਨਾਲ ਉਸ ਨੇ ਆਪਣੇ ਪਿੱਛਟੇ ਰਹਿੰਦੇ ਪਰਿਵਾਰ ਨੂੰ ਵੀ ਉੱਥੇ ਹੀ ਬੁਲਾ ਲਿਆ। ਉਂਝ ਵੀ ਮਰਦ ਦੀ ਕਮਾਈ ਨੂੰ ਸਾਂਭਣ ਅਤੇ ਮਕਾਨਾਂ ਨੂੰ ਘਰ ਵਿਚ ਤਬਦੀਲ ਕਰਨ ਲਈ ਉਸ ਨੂੰ (ਔਰਤ ਨੂੰ) ਦੇਸ਼ ਦੀਆਂ ਸਰਹੱਦਾਂ ਉਲੰਘਣੀਆਂ ਪਈਆ। ਇਸ ਪ੍ਰਕਾਰ ਮੁੱਢਲੇ ਰੂਪ ਵਿਚ ਔਰਤ ਦਾ ਪਰਵਾਸ ਕਰਨਾ ਵਧੇਰੇ ਕਰਕੇ ਉਸ ਦੀ ਇੱਛਾ ਦੇ ਖ਼ਿਲਾਫ ਉਸ ਉੱਪਰ ਥੋਪਿਆ ਗਿਆ ਫੈਸਲਾ ਜਾਪਦਾ ਹੈ।

ਔਰਤ ਦੇ ਪਰਵਾਸ ਕਰਨ ਦਾ ਇਕ ਹੋਰ ਕਾਰਨ ਬਾਕੀ ਰਹਿੰਦੇ ਪਰਿਵਾਰ ਲਈ ਰਾਹਦਾਰੀ ਦਾ ਜ਼ਰੀਆ ਵੀ ਬਣਨਾ ਸੀ। ਮਾਂ-ਬਾਪ, ਪਰਿਵਾਰ ਔਰਤ ਨੂੰ ਕਿਸੇ ਵੀ ਮਰਦ ਦੇ ਲੜ ਲਾ ਦਿੰਦੇ ਹਨ। ਔਰਤ ਉੱਧਰ ਜਾ ਕੇ ਸਾਰੀ ਉਮਰ ਆਪਣੀਆਂ ਸੱਧਰਾਂ ਦੀ ਧੂਣੀ ਦਾ ਸੇਕ ਹੰਢਾਉਂਦੀ ਰਹਿੰਦੀ ਹੈ ਲੇਕਿਨ ਘਰ ਪਰਿਵਾਰ ਦੇ ਬਾਕੀ ਮੈਂਬਰ ਉਸ ਦੀਆਂ ਚਾਹਤਾਂ ਨੂੰ ਦਰਕਿਨਾਰ ਕਰਦੇ ਹੋਏ ਆਪਣਾ ਸਵਾਰਥ ਸਿੱਧ ਕਰਦੇ ਹਨ। ਜਿਵੇਂ ਕਿ ਉੱਖੜੀਆਂ ਪੈੜਾਂ ਨਾਵਲ ਵਿਚ ਚਰਨਜੀਤ ਆਪਣੇ ਪੁੱਤਰਾਂ ਦੇ ਉੱਜਵਲ ਭਵਿੱਖ ਲਈ ਕਿਰਪਾਲ ਨੂੰ ਮਾਧਿਅਮ ਬਣਾਉਂਦੀ ਹੈ। ਕਿਰਪਾਲ ਅਤੇ ਪ੍ਰੀਤੂ ਹਾਲਾਂਕਿ ਦੋਵੇਂ ਇਕ ਦੂਜੇ ਦੇ ਮੇਚ ਨਹੀਂ ਹੁੰਦੇ। ਕਿਰਪਾਲ ਪਹਿਲਾਂ ਪਹਿਲਾ ਇਸ ਦਾ ਵਿਰੋਧ ਵੀ ਕਰਦੀ ਹੈ। ਪਰੰਤੂ ਆਪਣੇ ਭਰਾਵਾਂ ਦੇ ਸੁਨਹਿਰੀ ਭਵਿੱਖ ਲਈ ਉਸ ਨੂੰ ਅਣਜੋੜ ਵਿਆਹ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਹਥਲੇ ਪੇਪਰ ਵਿਚ ਪਰਵਾਸ ਦੀ ਪ੍ਰਕਿਰਿਆ ਤਹਿਤ ਔਰਤ ਤੇ ਪਰਿਵਾਰ ਦੀਆਂ ਬਦਲਦੀਆਂ ਸਮੀਕਰਨਾਂ ਨੂੰ ਸੰਤੋਖ ਧਾਲੀਵਾਲ ਰਚਿਤ ਨਾਵਲਾਂ (ਉੱਖੜੀਆਂ ਪੈੜਾਂ, ਰਿਸ਼ਤਿਆਂ ਦੇ ਮਾਰੂਥਲ, ਸੁਲਘਦੇ ਸੁਪਨੇ, ਸਰਘੀ) ਦੇ ਸੰਦਰਭ ਵਿਚ ਵਾਚਣ ਦੀ ਕੋਸ਼ਿਸ਼ ਕੀਤੀ ਗਈ ਹੈ।

ਪਰਾਈ ਧਰਤੀ ਉੱਪਰ ਗਈ ਪਹਿਲੀ ਅਤੇ ਦੂਜੀ ਪੀੜ੍ਹੀ ਦੀ ਔਰਤ ਆਪਣੀਆਂ ਸੱਭਿਆਚਾਰਕ ਜੜ੍ਹਾਂ ਨੂੰ ਬਚਾਈ ਰੱਖਣ ਲਈ ਹੱਥ ਪੱਲੇ ਮਾਰਦੀਆਂ ਪ੍ਰਤੀਤ ਹੁੰਦੀਆਂ ਹਨ ਲੇਕਿਨ ਤੀਜੀ ਪੀੜ੍ਹੀ ਤਾਂ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਪਿਤਰਕੀ ਢਾਂਚੇ ਤੋਂ ਬਾਹਰ ਨਿਕਲ ਕੇ ਆਪਣੇ ਅਸਤਿਤਵ ਨੂੰ ਆਪਣੇ ਸੱਭਿਆਚਾਰ ਨਾਲੋਂ ਬਿਲਕੁਲ ਅਲੱਗ ਐਲਾਨ ਕਰਾਰ ਕਰ ਦਿੰਦੀ ਹੈ। ਪਹਿਲੀ ਅਤੇ ਦੂਜੀ ਪੀੜ੍ਹੀ ਵੀ ਅੰਤ ਕੁਝ ਸਮੇਂ ਦੇ ਵਕਫ਼ੇ ਬਾਅਦ ਜਾਂ ਤੀਸਰੀ ਪੀੜ੍ਹੀ ਦੇ ਪ੍ਰਭਾਵ ਹੇਠ ਤੀਜੀ ਪੀੜ੍ਹੀ ਸਾਹਵੇਂ ਗੋਡੇ ਟੇਕ ਦਿੰਦੀਆਂ ਹਨ। ਸੰਤੋਖ ਧਾਲੀਵਾਲ ਦੇ ਨਾਵਲ 'ਸੁਲਘਦੇ ਸੁਪਨੇ' ਵਿਚ ਭਾਰਤੀ ਮੂਲ ਦੀ ਪੱਛਮ ਵਿਚ ਜੰਮੀ ਪਲੀ ਲੜਕੀ ਸਰਵਜੀਤ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਆਪਣੇ ਪਰਿਵਾਰ ਲਈ ਸੰਕਟ ਖੜ੍ਹਾ ਕਰ ਦਿੰਦੀ ਹੈ। ਸਰਵਜੀਤ ਸਿੰਘ ਆਪਣੇ ਭਾਰਤੀ ਪਰ ਪੱਛਮੀ ਮਾਹੌਲ ਵਿਚ ਰਹਿ ਰਹੇ ਮਾਪਿਆਂ ਨਾਲ ਆਪਣੇ ਦੋਸਤ ਲੜਕੇ 'ਈਅਨ' ਦੀ ਜਵ੍ਹਾ ਕਰਕੇ ਅਲੱਗ ਹੋ ਜਾਂਦੀ ਹੈ। ਸਰਵਜੀਤ ਦੀ ਮਾਂ ਮਿੰਧਰੋ ਕਦੇ ਉਸ ਦੀਆਂ ਹਰਕਤਾਂ ਨੂੰ ਜਵਾਨੀ ਦੇ ਵੇਗ ਨਾਲ ਤੁਲਨਾ ਕੇ ਸਮਝਦੀ ਹੈ ਪਰੰਤੂ ਕਦੇ ਉਸ ਦੀਆਂ ਹਰਕਤਾਂ ਤੋਂ ਚਿੰਤਾਤੁਰ ਹੋ ਉੱਠਦੀ ਹੈ। 'ਈਅਨ' ਨਾਲ ਉਸ ਦੇ ਰਿਸ਼ਤੇ ਵਿੱਚੋਂ ਉਹ ਆਪਣੇ ਤੇ ਸੀਤਲ ਦੇ ਰਿਸ਼ਤੇ ਨੂੰ ਵੀ ਤੱਕਦੀ ਹੈ ਜੋ ਸਮਾਜਿਕ ਬੰਧਨਾਂ ਦੀ ਜਕੜ ਕਾਰਨ ਪ੍ਰਵਾਨ ਨਹੀਂ ਚੜ੍ਹ ਸਕਿਆ ਸੀ। ਮਿੰਧਰੋ ਸਰਵਜੀਤ ਦੀ ਪੜ੍ਹਾਈ ਨੂੰ ਵੀ ਲੈ ਕੇ ਚਿੰਤਿਤ ਹੈ। ਉਸ ਨੇ ਜਿਹੋ ਜਿਹੀਆਂ ਸਥਿਤੀਆਂ ਆਪ ਸਹਾਰੀਆਂ ਹਨ ਉਨ੍ਹਾਂ ਨੂੰ ਸਰਵਜੀਤ ਦੇ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦੀ। ਅਸਲ ਵਿਚ ਪਰਵਾਸੀ ਨਾਰੀ ਖ਼ੁਦ ਦੁਬਿਧਾਗ੍ਰਸਤ

ਹੈ। ਉਸ ਨੂੰ ਖ਼ੁਦ ਇਸ ਗੱਲ ਦਾ ਨਿਰਣਾ ਕਰਨ ਵਿਚ ਕਠਿਨਾਈ ਆਉਂਦੀ ਹੈ ਕਿ ਉਹ ਆਪਣੇ ਬੱਚਿਆਂ ਖ਼ਾਸ ਕਰਕੇ ਧੀ ਲਈ ਕੀ ਚਾਹੁੰਦੀ ਹੈ। ਡਾ. ਹਰਚੰਦ ਸਿੰਘ ਬੇਦੀ ਇਸ ਬਾਰੇ ਵਿਚਾਰ ਕਰਦੇ ਹੋਏ ਲਿਖਦੇ ਹਨ:

> "ਉਹ ਆਪਣੀ ਅਗਲੀ ਪੀੜ੍ਹੀ ਨੂੰ ਨਵੀਨਤਮ ਮਾਹੌਲ ਵਿਚ ਵਧੀਆ ਤੇ ਬਿਹਤਰੀਨ ਸਿੱਖਿਆ ਤਾਂ ਦਿਵਾਉਣਾ ਚਾਹੁੰਦੀ ਹੈ ਪਰ ਇਹ ਬਰਦਾਸ਼ਤ ਨਹੀਂ ਕਰਦੀ ਕਿ ਏਸੇ ਮਾਹੌਲ ਵਿਚ ਰਹਿੰਦੇ ਉਸ ਦੇ ਬੱਚੇ ਤੇ ਵਿਸ਼ੇਸ਼ ਕਰਕੇ ਕੁੜੀਆਂ ਪੱਛਮੀ ਤੇ ਸ੍ਵੈ ਕੇਂਦਰਤ ਜੀਵਨ-ਜਾਚ ਨੂੰ ਅਪਣਾਉਣ ਤੇ ਅੰਤਰ-ਨਸਲੀ ਤਜਰਬਿਆਂ ਰਾਹੀਂ ਉਹਨਾਂ ਦਾ ਨੱਕ ਵਢਾਉਣ। ਇਹ ਸੋਚ ਦੋਹਰੇ ਮਾਪਦੰਡਾਂ ਅਤੇ ਤਰਕਹੀਣ ਤਰਜੀਹਾਂ 'ਤੇ ਅਧਾਰਿਤ ਹੈ ਜਿਸ ਦਾ ਉੱਥੋਂ ਦੇ ਪਰਿਵੇਸ਼ ਦੀ ਵਾਸਤਵਿਕਤਾ ਨਾਲ ਕੋਈ ਮੇਲ ਨਹੀਂ ਬਣਦਾ।"[3]

ਮਿੰਧਰੋ ਅਤੇ ਸਰਵਜੀਤ ਵਿਚਲੇ ਤਣਾਅ ਕਰਕੇ ਘਰ, ਪਰਿਵਾਰ ਦਾ ਮਾਹੌਲ ਵੀ ਤਣਾਅਗ੍ਰਸਤ ਹੋ ਜਾਂਦਾ ਹੈ। ਘਰ ਵਿਚ ਪੁੱਤਰ ਦੀ ਆਮਦ ਨੂੰ ਵੀ ਸਰਵ ਖੁਸ਼ਆਮਦੀਦ ਨਹੀਂ ਕਹਿੰਦੀ। ਦੂਸਰੇ ਪਾਸੇ ਪਰਵਾਸ ਦੇ ਸਿੱਟੇ ਵਜੋਂ ਪੈਸੇ ਦੀ ਹੋੜ ਪਰਿਵਾਰਾਂ ਦਾ ਪ੍ਰਮੁੱਖ ਸਰੋਕਾਰ ਬਣ ਜਾਂਦੀ ਹੈ। ਔਰਤ ਅਤੇ ਮਰਦ ਦਾ ਰਿਸ਼ਤਾ ਮਕਾਨਕੀ ਜਿਹਾ ਹੋ ਜਾਂਦਾ ਹੈ। ਪਹਿਲਾਂ ਪਹਿਲ ਇਕ ਧਿਰ ਸ਼ੋਸਿਕ ਸੀ ਅਤੇ ਦੂਸਰੀ ਧਿਰ ਸ਼ੋਸ਼ਿਤ ਹੁੰਦੀ ਹੈ। ਪਰ ਪੈਸੇ ਦੀ ਹੋੜ ਕਾਰਨ ਦੋਵੇਂ ਧਿਰਾਂ ਕਿਸੇ ਅਮਾਨਵੀ ਤਰਕ ਵੱਲ ਵੱਧਦੀਆਂ ਹੋਈਆਂ ਇਕ ਦੂਸਰੇ ਦਾ ਸ਼ੋਸ਼ਣ ਕਰਦੀਆਂ ਹਨ। ਨਿੱਕੀ ਨਿੱਕੀ ਗੱਲ ਤੋਂ ਘਰ ਵਿਚ ਕਲ੍ਹਾ ਕਲੇਸ਼ ਮੱਚਦਾ ਹੈ। ਪੈਸੇ ਕਮਾਉਣ ਦੀ ਹੋੜ ਵਿਚ ਪਰਿਵਾਰ ਦੇ ਰਿਸ਼ਤਿਆਂ ਵਿਚ ਤ੍ਰੇੜਾਂ ਆਉਂਦੀਆਂ ਹਨ। ਜਿਵੇਂ ਕਿ 'ਸੁਲਘਦੇ ਸੁਪਨੇ' ਨਾਵਲ ਵਿਚ ਬਲਕਾਰ ਆਪਣਾ ਕਾਰੋਬਾਰ ਵਧਾਉਣ ਲਈ ਹਰੇਕ ਤਰ੍ਹਾਂ ਦਟੇ ਜਾਇਜ਼ ਨਜਾਇਜ਼ ਹੱਥ ਕੰਡੇ ਅਪਣਾਉਂਦਾ ਹੈ। ਬਲਕਾਰ ਇਸ ਸਭ ਲਈ ਕੋਸ਼ਲ ਮੈਂਬਰ ਸੀਮਾ ਨਾਲ ਵੀ ਅਨੈਤਿਕ ਸੰਬੰਧ ਕਾਇਮ ਕਰ ਲੈਂਦਾ ਹੈ। ਹਾਲਾਂਕਿ ਪਹਿਲਾਂ ਪਹਿਲ ਉਸ ਨੂੰ ਇਸ ਗੱਲ ਬਾਰੇ ਆਪਣੀ ਪਤਨੀ ਮਿੰਧਰੋ ਨਾਲ ਜ਼ਿਕਰ ਕਰਨ ਦਾ ਖਿਆਲ ਵੀ ਆਉਂਦਾ ਹੈ ਪਰ ਬਾਅਦ ਵਿਚ ਉਹ ਉਸ ਨੂੰ ਇਸ ਬਾਰੇ ਨਹੀਂ ਦੱਸਦਾ। ਹੌਲੀ ਹੌਲੀ ਉਸ ਵੱਲ ਹੋਰ ਆਕਰਸ਼ਿਤ ਹੁੰਦਾ ਜਾਂਦਾ ਹੈ। ਘਰ ਪਰਿਵਾਰ ਵੱਲ ਬਲਕਾਰ ਦਾ ਕੋਈ ਧਿਆਨ ਨਹੀਂ ਰਹਿੰਦਾ ਸਗੋਂ ਪੈਸੇਦੀ ਹੋੜ ਵਿਚ ਉਸ ਦੀ ਲੋਭ ਰੁਚੀ ਦਿਨ-ਬ-ਦਿਨ ਵੱਧਦੀ ਜਾਂਦੀ ਹੈ ਅਤੇ ਘਰ ਪਰਿਵਾਰ ਦਾ ਆਪਸੀ ਮੋਹ ਪਿਆਰ ਖ਼ਤਮ ਹੀ ਹੋ ਜਾਂਦਾ ਹੈ। ਜਿਵੇਂ ਕਿ ਨਿਮਨਲਿਖਤ ਵਾਰਤਾਲਾਪ ਤੋਂ ਇਹ ਸਪੱਸ਼ਟ ਹੁੰਦਾ ਹੈ:

"ਹੁਣ ਹੈਨ ਆਪਣੇ ਕੋਲੇ ਸਾਰੀਆਂ ਸਹੂਲਤਾਂ.... ਬਸ ਕਰੋ..... ਪਹਿਲਾਂ ਵਾਂਗ ਸਾਡੇ 'ਚ ਆ ਕੇ ਬੈਠੋ। ਸਾਡੀ ਸਾਰ ਲਵੋ। ਸਾਨੂੰ ਆਪਣੀਆਂ ਮੁਹੱਬਤਾਂ ਨਾਲ ਭਰਪੂਰ ਕਰੋ। ਬੱਚੇ ਤਾਂ ਤੁਹਾਡੀ ਸ਼ਕਲ ਵੇਖਣ ਨੂੰ ਵੀ ਤਰਸੇ ਪਏ ਹਨ। ਅੱਧੀ ਰਾਤ ਨੂੰ ਮੁੜਦੇ ਹੋ। ਉਨ੍ਹਾਂ ਦੇ ਸਕੂਲ ਜਾਣ ਤੋਂ ਬਾਅਦ ਉੱਠਦੇ ਹੋ ਤੇ ਸਾਰਾ ਦਿਨ ਘਰੋਂ ਬਾਹਰ ਲੰਘਾ ਆਉਂਦੇ ਹੋ।"[4]

ਦੂਜੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੀ ਪਰਵਾਸੀ ਔਰਤ ਦੋ ਸੱਭਿਆਚਾਰ ਦੇ ਟਕਰਾਅ ਵਿਚ ਵਧੇਰੇ ਪਿਸਦੀ ਹੈ। ਉਹ ਸਰੀਰਕ ਪੱਧਰ 'ਤੇ ਤਾਂ ਪਰਵਾਸ ਧਾਰਨ ਕਰ ਲੈਂਦੀ ਹੈ ਪਰੰਤੂ ਮਾਨਸਿਕ ਪੱਧਰ 'ਤੇ ਪਰਵਾਸ ਕਰਨਾ ਉਸ ਲਈ ਅਸੰਭਵ ਹੈ। ਮਾਨਸਿਕ ਪੱਧਰ 'ਤੇ ਉਸ ਦੇ ਅਵਚੇਤਨ ਵਿਚ ਮੂਲ ਸੰਸਕ੍ਰਿਤੀ ਦੀਆਂ ਜੜ੍ਹਾਂ ਹੀ ਫੈਲੀਆਂ ਹੁੰਦੀਆਂ ਹਨ। ਜਿਵੇਂ ਕਿ 'ਸੁਲਘਦੇ ਸੁਪਨੇ' ਦੀ ਨਾਇਕਾ ਮਿੰਧਰੋ ਅੰਦਰ ਪੱਛਮ ਵਿਚ ਜਾਜ ਕੇ ਵੀ ਪੁੱਤਰ ਦੀ ਚਾਹਤ ਬਣੀ ਰਹਿਮਦੀ ਹੈ। ਤਿੰਨ ਕੁੜੀਆ ਹੋ ਜਾਣ ਉਪਰੰਤ ਵੀ ਉਹ ਕੇਵਲ ਪੁੱਤਰ ਪ੍ਰਾਪਤੀ ਲਈ ਗਰਭਧਾਰਨ ਕਰਦੀ ਹੈ। ਨਿਮਨਲਿਖਤ ਵਾਰਤਾਲਾਪ ਤੋਂ ਦਕੀਆਨੂਸੀ ਸੋਚ ਦੀ ਪੁਸ਼ਟੀ ਹੁੰਦੀ ਜਾਪਦੀ ਹੈ:

"ਮੈਂ ਇਹ ਕਦੋਂ ਕਿਹਾ ਕਿ ਉਨ੍ਹਾਂ ਦਾ ਕੋਈ ਦੋਸ਼ ਹੈ। ਮੈਨੂੰ ਤਾਂ ਆਪਣੀ ਕਿਸਮਤ ਤੇ ਹੀ ਹਿਰਖ ਜਿਹਾ ਆਈ ਜਾਂਦਾ। ਅਸੀਂ ਕੀ ਰੱਬ ਦੇ ਮਾਂਹ ਮਾਰੇ ਹੋਏ ਹਨ ਕਿ ਸਾਨੂੰ ਇਸ ਖੁਸ਼ੀ ਤੋਂ ਸੱਖਣਾ ਰੱਖ ਰਿਹਾ ਹੈ।"[5]

"ਮੈਨੂੰ ਮੁੰਡਾ ਚਾਹੀਦੈ....?"

"ਕੀ....? ਪੰਜਾਬੀ ਮਦ ਦੀ ਨਰਸ ਕੁਲਵੀਰ, ਪੰਜਾਬੀਆਂ ਦੀ ਪੁੱਤ ਲਈ ਲਿਲਕ ਨੂੰ ਜਾਣਦਿਆਂ ਹੋਇਆਂ ਵੀ ਹੈਰਾਨੀ 'ਚ ਹੋਰ ਡੂੰਘੀ ਉੱਤਰ ਗਈ ਕਿ ਇਸ ਮੁਲਕ 'ਚ ਆ ਕੇ ਵੀ, ਸਾਰਾ ਕੁਝ ਵੇਖ ਕੇ ਵੀ ਪੁਰਾਣੇ ਸੰਸਕਾਰਾਂ ਨੂੰ ਉਵੇਂ ਹੀ ਜੱਫ਼ੀ ਪਾਈ ਬੈਠੀ ਹੈ ਜਿਵੇਂ ਸ਼ਾਇਦ ਪੰਜਾਬ ਵਿਚ ਸਦੀਆਂ ਤੋਂ ਹੋ ਰਿਹਾ ਹੈ।"[6]

ਪਰਵਾਸੀ ਔਰਤ ਨੂੰ ਪਰਵਾਸੀ ਧਰਤੀ ਅਤੇ ਉੱਥੋਂ ਦੇ ਨਿਜ਼ਾਮ ਬਹੁਤ ਮੋਕਲੇ ਲੱਗਦੇ ਹਨ। ਪਰਾਈ ਧਰਤੀ ਬੜੀ ਖੁੱਲ੍ਹੀ-ਖੁੱਲ੍ਹੀ ਜਾਪਦੀ ਹੈ। ਕਿਉਂਕਿ ਉੱਥੇ ਔਰਤ ਉੱਪਰ ਕੋਈ ਸਮਾਜਿਕ ਬੰਦਿਸ਼ਾਂ ਨਹੀਂ ਹੁੰਦੀਆਂ। ਇਹ ਸਮਾਜਿਕ ਖੁੱਲ੍ਹ ਹੀ ਉਸ ਨੂੰ ਵਿਅਕਤੀਗਤ ਅਤੇ ਸਖਸ਼ੀ ਖੁੱਲ੍ਹ ਪ੍ਰਾਪਤ ਕਰਨ ਲਈ ਪ੍ਰੇਰਿਤ

**© Associated Asia Research Foundation (AARF)**
A Monthly Double-Blind Peer Reviewed Refereed Open Access International e-Journal - Included in the International Serial Directories.

ਕਰਦੀ ਹੈ। ਇਸੇ ਕਾਰਨ ਔਰਤ ਪਰਾਈ ਧਰਤੀ 'ਤੇ ਮਰਦ ਦਾ ਜਬਰ ਜੁਲਮ ਅਤੇ ਉਸ ਦੀ ਤਾਨਾਸ਼ਾਹੀ ਰੁਚੀ ਨੂੰ ਸੱਟ ਮਾਰਦੀ ਹੈ। 'ਉਖੜੀਆਂ ਪੈੜਾਂ' ਨਾਵਲ ਵਿਚ ਕਿਰਪਾਲ ਆਪਣੇ ਅਨਪੜ੍ਹ ਪਤੀ ਪ੍ਰੀਤੂ ਦੀਆਂ ਤਲਖੀਆਂ ਵਧੇਰੀ ਦੇਰ ਤੱਕ ਬਰਦਾਸ਼ਤ ਨਹੀਂ ਕਰਦੀ ਤੇ ਕੰਮ ਕਰਨ ਦੀ ਥਾਂ ਆਪਣੀ ਪੜ੍ਹਾਈ ਜਾਰੀ ਰੱਖਣ ਨੂੰ ਪਹਿਲ ਦਿੰਦੀ ਹੈ। ਪ੍ਰੀਤੂ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਪੁਲਿਸ ਨੂੰ ਸੱਦਣਾ ਵੀ ਕਿਰਪਾਲ ਦੀ ਸਖਸ਼ੀ ਆਜ਼ਾਦੀ ਪ੍ਰਤੀ ਚੇਤੰਨਤਾ ਦਾ ਸੂਚਕ ਬਣਦਾ ਹੈ। "ਪੜ੍ਹਨਾ ਤਾਂ ਮੈਂ ਜ਼ਰੂਰ ਐ।"[7] ਪਾਲੋ ਦੇ ਬੋਲਾਂ ਵਿਚ ਦ੍ਰਿੜਤਾ ਸੀ।

ਇਸੇ ਦ੍ਰਿੜਤਾ ਅੱਗੇ ਆਖ਼ਰ ਪ੍ਰੀਤੂ ਨੂੰ ਝੁਕਣਾ ਪਿਆ। ਪ੍ਰੀਤੂ ਵਰਗੇ ਮਰਦ ਦਾ ਕਿਰਪਾਲ ਨੂੰ ਨਾ ਪੜ੍ਹਨ ਦੇਣਾ ਅਸਲ ਵਿਚ ਪ੍ਰੀਤੂ ਦਾ ਹਮੇਸ਼ਾ ਲਈ ਕਿਰਪਾਲ ਨੂੰ ਆਪਣੇ ਅਧੀਨ ਕਰਕੇ ਰੱਖਣਾ ਹੁੰਦਾ ਹੈ। ਜਾਗੀਰੂ ਰੁਚੀਆਂ ਦਾ ਮਾਲਕ ਮਰਦ ਕਦੇ ਵੀ ਨਾਰੀ ਨੂੰ ਇਨ੍ਹਾਂ ਘਰ ਦੇ ਖਲਜਗਣਾਂ ਵਿੱਚੋਂ ਬਾਹਰ ਨਹੀਂ ਨਿਕਲਣ ਦੇਣਾ ਚਾਹੁੰਦਾ। ਨਾਵਲਕਾਰ ਆਪਣੇ ਨਾਵਲ ਵਿਚ ਖ਼ੁਦ ਇਕ ਜਗ੍ਹਾ ਪ੍ਰੀਤੂ ਰਾਹੀਂ ਇਹ ਮਨੋਬਚਨੀ ਕਰਵਾਉਂਦਾ ਹੋਇਆ ਇਸ ਪੱਖ ਉੱਪਰ ਚਾਨਣਾ ਪਾਉਂਦਾ ਹੈ:

> "ਉਸ ਨੂੰ ਪੜ੍ਹ ਜਾਣ ਤੋਂ ਭੈਅ ਹੋ ਰਿਹਾ ਸੀ। ਉਹ ਡਰ ਰਿਹਾ ਸੀ ਕਿ ਇਹ ਬਾਹਰ ਇਕੱਲੀ ਜਾਵੇਗੀ ਆਪਣੇ ਹਾਣ ਕਵਾਣ ਨਾਲ ਘੁੰਗੇ ਫਿਰੇਗੀ। ਘਰੋਂ ਬਾਹਰ ਰਹੇਗੀ। ਫੇਰ ਪਤਾ ਨਹੀਂ.... ਇਹਦਾ ਮੇਰੇ ਨਾਲ ਬਹੁਤਾ ਮੋਹ ਵੀ ਤੇ ਨਹੀਂ ਪਿਆ ਹਾਲੀ। ਉਹ ਸੋਚ ਸੋਚ ਸਹਿਮ ਰਿਹਾ ਸੀ।"[8]
>
> "ਫੇਰ ਇਹ ਤੇਰੇ ਨਹੀਂ ਰਹਿੰਦੀ ਪ੍ਰੀਤੂਆ। ਉਹ ਤੌਖਲੇ 'ਚੋਂ ਆਪਣੇ ਡਰਦਾ ਬੋਲ ਉੱਠਦਾ। ਇਵੇਂ ਹੀ ਭੰਬਲ ਭੂਸਿਆਂ 'ਚ ਪਿਆ ਪ੍ਰੀਤੂ ਮੰਜੇ ਤੇ ਜਾ ਡਿੱਗਾ ਤੇ ਕਿਰਪਾਲ ਦੀ ਉਡੀਕ ਕਰਨ ਲੱਗਾ।"[9]

ਪਰਾਈ ਧਰਤੀ ਤੇ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਔਰਤ ਦਾ ਪਰਵਾਜ਼ ਭਰਨਾ, ਉਸ ਦਾ ਸ੍ਵੈ-ਨਿਰਭਰ ਹੋਣਾ ਔਰਤ ਦਾ ਆਪਣੇ ਵਜੂਦ ਨੂੰ ਸੰਪੂਰਨ ਅਤੇ ਸੁਤੰਤਰ ਤੌਰ 'ਤੇ ਉਜਾਗਰਕਰਨ ਦੇ ਅਮਲ ਦਾ ਸਬੱਬ ਬਣਦਾ ਹੈ। ਡਾ. ਅਤਰ ਸਿੰਘ ਇਸ ਬਾਰੇ ਵਿਚਾਰ ਕਰਦੇ ਲਿਖਦੇ ਹਨ:

> "ਪਰਵਾਸੀ ਪੰਜਾਬੀ ਇਸਤਰੀ ਦਾ ਸਭ ਤੋਂ ਤੇ ਮੇਰੀ ਜਾਚੇ, ਕ੍ਰਾਂਤੀਕਾਰੀ ਅਨੁਭਵ ਆਰਥਿਕ ਤੌਰ ਤੇ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਹੈ ਅਤੇ ਆਪਣੇ ਤਨ, ਮਨ ਅਤੇ ਆਤਮਾ ਦਾ ਸੰਪੂਰਨ ਮਾਲਕ ਹੋਣਾ ਹੈ।"[10]

'ਰਿਸ਼ਤਿਆਂ ਦੇ ਮਾਰੂਥਲ' ਨਾਵਲ ਵਿਚ ਪੰਮੀ ਵੀ ਬਲਬੀਰ ਦੀ ਇੱਛਾ ਦੇ ਵਿਰੁੱਧ ਪੜ੍ਹਨ ਨੂੰ ਪਹਿਲ ਦਿੰਦੀ ਹੈ। ਉਹ ਬਲਬੀਰ ਦੇ ਨਾਲ ਹੀ ਪੰਜਾਬ ਵਾਪਸ ਮੁੜ ਜਾਣ ਨਾਲੋਂ ਉੱਥੇ ਰਹਿ ਕੇ ਪੜ੍ਹਾਈ ਕਰਕੇ ਸ੍ਵੈ-ਨਿਰਭਰ ਬਣਨਾ ਚਾਹੁੰਦੀ ਹੈ। ਇਸੇ ਲਈ ਉਹ ਨਾਵਲ ਵਿਚ ਇਕ ਜਗ੍ਹਾ ਬਲਬੀਰ ਨੂੰ ਆਖਦੀ ਹੈ:

> "ਏਸੇ ਲਈ ਤਾਂ ਮੈਂ ਸੋਚ ਰਹੀ ਹਾਂ ਕਿ ਮੈਨੂੰ ਕੋਈ ਕੋਰਸ ਕਰਨਾ ਚਾਹੀਦਾ ਹੈ, ਤਾਂ ਕਿ ਮੈਨੂੰ ਸਾਰੀ ਉਮਰ ਤੁਹਾਡੇ ਮਗਰ ਮਗਰ ਤੁਹਾਡੀ ਉਂਗਲੀ ਫੜੀ ਤੁਰਨਾ ਨਾ ਪਵੇ। ਮੈਂ ਆਪਣੇ ਪੈਰਾਂ ਤੇ ਖੜੀ ਹੋ ਸਕਾਂ। ਤੁਸੀਂ ਪੰਜਾਬ ਨੂੰ ਵਾਪਸ ਪਰਤ ਜਾਣਾ ਹੈ ਤਾਂ ਮੈਨੂੰ ਵੀ ਤੁਹਾਡੇ ਨਾਲ ਵਾਪਸ ਜਾਣਾ ਜ਼ਰੂਰੀ ਨਾ ਹੋਵੇ।"[11]

ਆਪਣੇ ਹੱਕਾਂ ਪ੍ਰਤੀ ਜਾਗਰੂਕ ਪਰਵਾਸੀ ਔਰਤ ਕਈ ਵਾਰ ਇਨ੍ਹਾਂ ਪੱਛਮੀ ਰੁਚੀਆਂ ਦੇ ਪ੍ਰਭਾਵ ਹੇਠ ਪਰਿਵਾਰਾਂ ਨੂੰ ਤੋੜ ਬੈਠਦੀ ਹੈ। ਕੰਪਤੀ ਜੀਵਨ ਇਕੱਲਤਾ ਨਾਲ ਭਰ ਜਾਂਦਾ ਹੈ। ਔਰਤ-ਮਰਦ ਸੰਬੰਧਾਂ ਵਿਚ ਮਾਨਸਿਕ ਸੰਕਟ ਵਾਪਰਦਾ ਹੈ ਅਤੇ ਅੰਤ ਪਰਿਵਾਰ ਖੇਰੂੰ-ਖੇਰੂੰ ਹੋ ਜਾਂਦਾ ਹੈ। ਗੁਰਨਾਮ ਸਿੰਘ 'ਜੀਨਾਂ ਵਾਲੇ' ਦੀ ਵੱਡੀ ਧੀ ਨੂੰ ਗੁਰਨਾਮ ਸਿੰਘ ਇੱਕ ਚੰਗੇ ਪਰਿਵਾਰ ਵਿਚ ਵਿਆਹੁੰਦਾ ਹੈ। ਪਰੰਤੂ ਵਿਆਹ ਦੇ ਦਸ ਦਿਨਾਂ ਬਾਅਦ ਹੀ ਆਪਣੇ ਪਤੀ ਨਾਲ ਹੋਟਲ ਵਿਚ ਖਾਣਾ ਖਾਣ ਗਈ ਕਿਸੇ ਗੱਲੋਂ ਖਹਿਬੜ ਕੇ ਚੌਂਹ ਘੰਟਿਆਂ ਵਿਚ ਲੈਸਟਰ ਵਾਪਸ ਆ ਗਈ। ਹੁਣ ਸ਼ਾਮ ਕਿਸੇ ਕਲੱਬ ਵਿਚ ਗੁਜ਼ਾਰ ਆਉਂਦੀ ਹੈ, ਸਿਗਰਟਾਂ ਪੀਂਦੀ ਹੈ ਤੇ ਨਸ਼ੇ ਛਕਦੀ ਮਧਹੋਧ ਹੋਈ ਰਹਿੰਦੀ ਹੈ। ਗੁਰਨਾਮ ਸਿੰਘ ਨੇ ਕਈ ਵਾਰ ਉਸ ਦੀ ਘਰ ਗ੍ਰਹਿਸਥੀ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਬੇਬਾਕ ਸਵਾਲਾਂ ਜਵਾਬਾਂ ਅੱਗੇ ਉਸ ਦੀ ਕੋਈ ਪੇਸ਼ ਨਹੀਂ ਜਾਂਦੀ। ਜਿਵੇਂ:

> "ਆਈ ਡੌਂਟ ਵਾਂਟ ਟੂ ਲਿਵ ਵਿਦ ਹਿਮ ਐਂਡ ਹਿਜ਼ ਮਦਰ..... ਏ ਬਿੱਚ।"
> "ਕਿਉਂ.....?"
> "ਆਈ ਟੋਲਡ ਯੂ ਮੈਨੀ ਟਾਈਮਜ਼ ਡੈਡ।"
> "ਤੂੰ ਕੋਈ ਰੀਜ਼ਨ ਤਾਂ ਦਸਦੀ ਨਹੀਂ।"
> "ਆਈ ਹੇਟ ਆਲ ਆਪ ਦਿੰਮ..... ਹਿੰਮ, ਹਰ, ਦ ਲੌਟ।"
> "ਵੱਟ ਵਾਈ.....?" ਗੁਰਨਾਮ ਸਿੰਘ ਖਿਝਦਾ
> "ਆਈ ਡੌਂਟ ਲਾਈਕ ਹਿੰਮ, ਯੂ ਫੋਰਸਡ ਮੀ ਟੂ ਗੈਟ ਮੈਰੀਡ।"[12]

© **Associated Asia Research Foundation (AARF)**
A Monthly Double-Blind Peer Reviewed Refereed Open Access International e-Journal - Included in the International Serial Directories.

ਦਰਅਸਲ ਨਾਵਲਕਾਰ ਨੇ ਆਪਣੇ ਨਾਵਲਾਂ ਵਿਚ ਤੀਸਰੀ ਪੀੜ੍ਹੀ ਦੇ ਸੁਭਾਅ, ਆਚਰਨ ਵਿਚ ਆ ਰਹੀਆਂ ਨਿਰੰਤਰ ਅਤੇ ਤੇਜ਼ ਤਰਾਰ ਤਬਦੀਲੀਆਂ ਨੂੰ ਚਿਤਰਿਆ ਹੈ। ਤੀਜੀ ਪੀੜ੍ਹੀ ਦੀ ਪਰਵਾਸੀ ਔਰਤ ਨਿੱਕੀ ਨਿੱਕੀ ਗੱਲ 'ਤੇ ਤਲਾਕ ਲੈਣ, ਛੋਟੀ ਅਤੇ ਕੁਆਰੀ ਉਮਰ ਵਿਚ ਗਰਭ ਰੋਕੂ ਗੋਲੀਆਂ ਲੈਣਾ, ਬੁਆਏ ਫਰੈਂਡ ਕਲਚਰ ਦੀ ਹਮਾਇਤੀ, ਨਸ਼ੇ ਡਰੱਗਜ਼ ਲੈਣਾ, ਅੰਤਰ ਨਸਲੀ ਵਿਆਹ ਤਜ਼ਰਬੇ, ਬਹੁ-ਮਰਦ ਭੋਗ, ਦੇਹਵਪਾਰ ਦੀ ਬਿਰਤੀ ਵਾਲੇ ਸਰੋਕਾਰਾਂ ਨੂੰ ਧਾਰਨ ਕਰ ਚੁੱਕੀ ਹੁੰਦੀ ਹੈ। ਪਿੰਕੀ (ਨਾਵਲ ਸੁਲਘਦੇ ਸੁਪਨੇ), ਰਮਨ (ਰਿਸ਼ਤਿਆਂ ਦੇ ਮਾਰੂਥਲ), ਰਮਨ (ਸੁਲਘਦੇ ਸੁਪਨੇ) ਅਤੇ ਪ੍ਰੀਤੀ (ਉਘੜੀਆਂ ਪੈੜਾਂ) ਇਹ ਚਾਰੇ ਤੀਸਰੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੀਆਂ ਔਰਤਾਂ ਹਨ। ਇਹ ਚਾਰੇ ਆਪੋ ਆਪਣੇ ਪਰਿਵਾਰਾਂ ਦੇ ਖਿਲਾਫ ਜਾ ਕੇ ਆਪਣੀ ਸੰਸਕ੍ਰਿਤੀ ਤੋਂ ਅਭਿੱਜ ਰਹਿ ਕੇ ਅੰਤਰ ਨਸਲੀ ਵਿਆਹ ਤਜ਼ਰਬੇ ਕਰਦੀਆਂ ਹਨ। ਪਰੰਤੂ ਚਾਰਾਂ ਵਿੱਚੋਂ ਕਿਸੇ ਇੱਕ ਦਾ ਵੀ ਵਿਆਹ ਸਫਲ ਨਹੀਂ ਹੁੰਦਾ ਬਲਕਿ ਮਰਦ ਦੁਆਰਾ ਉਨ੍ਹਾਂ ਦਾ ਕੁੱਝ ਘੰਟੇ ਜਾਂ ਕੁਝ ਦਿਨ ਸ਼ੋਸ਼ਣ ਕਰਕੇ ਉਨ੍ਹਾਂ ਦਾ ਜ਼ਿੰਦਗੀ ਨਾਲ ਖੇਡਿਆ ਜਾਂਦਾ ਹੈ। ਇਸੇ ਵਜ੍ਹਾ ਕਰਕੇ ਇਹ ਚਾਰੋਂ ਔਰਤਾਂ ਆਪੋ ਆਪਣੀ ਜਗ੍ਹਾ ਸੰਤਾਪ ਹੰਢਾਉਂਦੀਆਂ ਹਨ। 'ਦੇਹ ਵਪਾਰ' ਪਰਵਾਸੀ ਔਰਤ ਸਾਹਮਣੇ ਦਰਪੇਸ਼ ਆਉਂਦਾ ਇਕ ਹੋਰ ਵੱਡਾ ਮਸਲਾ ਹੈ। ਪੰਜਾਬ ਦੀ ਧਰਤੀ ਤੋਂ ਗਈ ਪੰਜਾਬੀ ਔਰਤ ਅੱਗੇ ਜਦੋਂ ਆਰਥਿਕ ਮਜ਼ਬੂਰੀਆਂ ਫਨ ਫੈਲਾ ਕੇ ਖੜ੍ਹੀਆਂ ਹੋ ਜਾਂਦੀਆਂ ਹਨ ਤਾਂ ਉਸ ਕੋਲ ਇਹ ਸਭ ਕਰਨ ਤੋਂ ਇਲਾਵਾ ਕੁਝ ਵੀ ਹੋਰ ਰਸਤ ਨਜ਼ਰ ਨਹੀਂ ਆਉਂਦਾ। ਨਾਵਲ 'ਸੁਲਘਦੇ ਸੁਪਨੇ' ਵਿਚਲੀ 'ਪਿੰਕੀ' ਪੰਜਾਬ ਨਾਲ ਸੰਬੰਧਿਤ ਪਰਵਾਸੀ ਔਰਤ ਹੈ। ਦੇਹ ਪਵਾਰ ਦੇ ਧੰਦੇ ਵਿਚ ਪੈ ਕੇ ਉਹ ਆਪਣੀ ਢਿੱਡ ਦੀ ਅੱਗ ਸ਼ਾਂਤ ਕਰਨ ਦਾ ਸੌਖਾ ਤਰੀਕਾ ਲੱਭ ਲੈਂਦੀ ਹੈ। ਆਪਣੇ ਹਰ ਰਾਤ ਕਿਸੇ ਨਵੇਂ ਬਿਸਤਰ ਵਿਚ ਲੁੱਟੇ ਜਾਣ ਦਾ ਕਸਬ ਉਸ ਦੇ ਦਿਲ ਵਿਚ ਰੜਕਦਾ ਰਹਿੰਦਾ ਹੈ ਅਤੇ ਇਕ ਜਗ੍ਹਾ ਉਹ ਆਪ ਆਪਣੀ ਹਾਲਤ ਬਾਰੇ ਹਰਬਖਸ਼ ਨੂੰ ਆਖਦੀ ਹੈ:

> "ਕੀ ਹੋ ਰਿਹਾ ਹੈ ਮੇਰੇ ਨਾਲ? ਮੈਂ ਤਾਂ ਕਦੀ ਸੋਚਿਆ ਹੀ ਨਹੀਂ ਸੀ ਕਿ ਮੇਰੀ ਵਿਚਰਨ 'ਚ ਏਡੀਆਂ ਤਬਦੀਲੀਆਂ ਆਉਣਗੀਆਂ ਕਿ ਮੇਰੇ ਲਈ ਹਰ ਘੜੀ ਨਮੋਸ਼ੀ 'ਚ ਬੀਤੇਗੀ। ਮੈਂ ਇਹ ਸਾਰਾ ਕੁਝ ਕਿਸੇ ਸ਼ੌਂਕ ਵਸ ਥੋਹੜਾ ਕਰ ਰਹੀ ਹਾਂ। ਜੀਂਦੇ ਰਹਿਣ ਲਈ ਸਾਰੇ ਸਹਾਰੇ ਤਿੜਕਣ ਬਾਦ ਹੀ ਮੈਂ ਇਸ ਰਾਹੇ ਪਈ ਹਾਂ। ਹੋਰ ਨਹੀਂ ਬਸ.....। ਹੁਣ ਮੇਰੇ ਲਈ ਇਕੋ ਹੀ ਰਾਹ ਬਚਿਆ ਹੈ ਕਿ ਖੁਦਕੁਸ਼ੀ ਕਰ ਲਾਂ। ਕਿਸੇ ਗੱਡੀ ਥੱਲੇ ਸਿਰ ਦੇ ਦਿਆਂ।"[13]

© **Associated Asia Research Foundation (AARF)**
A Monthly Double-Blind Peer Reviewed Refereed Open Access International e-Journal - Included in the International Serial Directories.

ਪਿੰਕੀ ਨੂੰ ਛੱਡ ਕੇ ਆਉਣ ਵਾਲਾ ਟੈਕਸੀ ਵਾਲਾ ਵੀ ਉਸ ਦਾ ਸ਼ੋਸ਼ਣ ਕਰਦਾ ਹੈ। ਇੱਥੋਂ ਤੱਕ ਕਿ ਉਸ ਦਾ ਮਿੱਤਰ 'ਗੈਰੀ' ਵੀ ਇਕ ਰਾਤ ਬਦਲੇ ਮਿਲਣ ਵਾਲੀ ਵੱਡੀ ਰਕਮ ਲਈ ਪਿੰਕੀ ਨੂੰ ਆਪਣੇ ਆਪ ਨੂੰ ਜ਼ਿਬਹ ਕਰਨ ਦੀ ਸਲਾਹ ਦੇ ਦਿੰਦਾ ਹੈ। ਅਸਲ ਵਿਚ ਇੱਧਰੋਂ ਗਈਆਂ ਨਵੀਂ ਤੇ ਕੱਚੀ ਉਮਰ ਦੀਆਂ ਲੜਕੀਆਂ ਲਈ ਪਰਦੇਸ ਜੰਨਤ ਦਾ ਪ੍ਰਤੀਰੂਪ ਹੁੰਦਾ ਹੈ। ਪਰਦੇਸ਼ ਦੀਆਂ ਸੁਹਾਣੀਆਂ ਇਮਾਰਤਾਂ ਨਜ਼ਾਰਿਆਂ ਤੋਂ ਹੇਠਾਂ ਕਦੇ ਵੀ ਜ਼ਮੀਨੀ ਹਕੀਕਤ ਵੱਲ ਝਾਕਣ ਦੀ ਇਹ ਕੋਸ਼ਿਸ਼ ਹੀ ਨਹੀਂ ਕਰਦੀਆਂ। ਪੰਜਾਬ ਵਿਚ ਮਾਂ ਬਾਪ ਦੇ ਪੈਸਿਆਂ 'ਤੇ ਐਸ਼ ਕਰਦੀ ਨੌਜਵਾਨੀ ਕਿਰਤ ਦੇ ਸੰਕਲਪ ਨਾਲੋਂ ਟੁੱਟ ਚੁੱਕੀ ਹੁੰਦੀ ਹੈ। ਇਸ ਲਈ ਪਰਦੇਸ ਜਾ ਕੇ ਉੱਥੇ ਹੱਡ-ਭੰਨਵੀਂ ਮਿਹਨਤ ਕਰਨੀ ਇਨ੍ਹਾਂ ਨੂੰ ਰਾਸ ਨਹੀਂ ਆਉਂਦੀ। ਹੌਲੀ-ਹੌਲੀ ਜਦੋਂ ਆਪੂੰ ਬੁਣੇ ਵਹਿਮ ਚਿੱਟੇ ਦਿਨ ਵਾਂਗ ਸਾਫ ਹੋਣੇ ਸ਼ੁਰੂ ਹੋ ਜਾਂਦੇ ਹਨ ਤਾਂ ਭੁੱਖੇ ਢਿੱਡ ਦੀ ਅੱਗ ਇਨ੍ਹਾਂ ਨੂੰ ਦੇਹ ਵਪਾਰ ਦੀ ਭੱਠੀ ਵਿਚ ਝੋਕ ਦਿੰਦੀ ਹੈ। ਨਾਵਲਕਾਰ ਆਪ ਇਕ ਜਗ੍ਹਾ ਇਸ ਬਾਰੇ ਲਿਖਦਾ ਹੈ:

> "ਇਨ੍ਹਾਂ ਮੁੰਡੇ ਕੁੜੀਆਂ ਕੋਲ ਕੋਈ ਕੰਮ ਤਾਂ ਹੈ ਨਹੀਂ.... ਜਿਹੜੇ ਸੌ ਦੋ ਸੌ ਪੌਂਡ ਲੈ ਕੇ ਆਏ ਸਨ ਉਹ ਤਾਂ ਝੱਟ ਖਰਚੇ ਜਾਂਦੇ ਹਨ, ਹੋਰ ਕਿਸੇ ਪਾਸਿਓਂ ਕਿਸੇ ਆਮਦਨ ਦੀ ਕੋਈ ਆਸ ਨਹੀਂ। ਖਰਚਾ ਤਾਂ ਕੋਈ ਜਾਂਦਾ ਹੈ। ਜਿੱਥੇ ਰਹਿ ਰਹੇ ਹਨ ਉਹ ਥਾਂ ਦਾ ਕਰਾਇਆ, ਢਿੱਡ ਝੁਲਕੇ ਲਈ ਕੁਝ ਖਾਣ ਨੂੰ ਵੀ ਚਾਹੀਦੈ? ਰਾਤ ਜਿਹੜੀ ਕੁੜੀ ਨਸ਼ੇ 'ਚ ਕੜਕ ਰਹੀ ਸੀ ਉਹ ਵੀ ਬਾਕੀਆਂ ਵਾਂਗ ਅੰਦਰੋਂ ਤਿੜਕੀ ਪਈ ਹੈ। ਕਿੰਨਾ ਚਿਰ ਸਬਰ ਕੀਤਾ ਜਾ ਸਕਦਾ ਹੈ। ਕਿਸੇ ਚੰਗੇ ਖਾਂਦੇ ਪੀਂਦੇ ਘਰ ਦੀ ਕੁੜੀ ਹੈ। ਪਿਉ ਚੰਗੀ ਨੌਕਰੀ ਤੇ ਹੈ। ਮਾਂ ਪੜ੍ਹਾਉਂਦੀ ਹੈ। ਵੱਡਾ ਭਰਾ ਡਾਕਟਰ ਹੈ। ਉਸ ਨੇ ਸਾਰੀ ਉਮਰ ਕਦੇ ਕੋਈ ਤੰਗੀ ਤੁਰਸ਼ੀ ਵੇਖੀ ਹੀ ਨਹੀਂ ਸੀ। ਸਕੂਟਰ ਤੇ ਯੂਨੀਵਰਸਿਟੀ ਜਾ ਆਉਣਾ, ਹਮਜਮਾਤਣਾਂ ਨਾਲ ਖ਼ਰਮਸਤੀ ਕਰ ਛੱਡਣੀ ਤੇ ਘਰ ਆ ਕੇ ਡੱਕਾ ਵੀ ਦੂਹਰਾ ਨਾ ਕਰਨਾ। ਉਹ ਕਿਸ ਤਰ੍ਹਾਂ ਝੱਲੇ ਏਡੀਆਂ ਭੁੱਖਾਂ, ਏਡੀਆਂ ਤੰਗੀਆਂ?"[14]

ਇਹੋ ਜਿਹਿਆਂ ਕੋਲ ਜਾਂ ਤਾਂ ਨਸ਼ੇ ਕਰਨ ਦਾ ਰਾਹ ਬਚਦਾ ਹੈ ਜਾਂ ਫਿਰ ਖੁਦਕੁਸ਼ੀ ਦਾ। ਤੀਜੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੀ ਪਰਵਾਸੀ ਔਰਤ ਸਭਿਆਚਾਰਕ ਕਦਰਾਂ ਕੀਮਤਾਂ ਪੁਨਰ ਪਰਿਭਾਸ਼ਤ ਕਰਦੀ ਹੈ। ਆਪਣੇ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਵਿਚ ਉਹ ਇਨ੍ਹਾਂ ਸੱਭਿਆਚਾਰਕ ਨਿਜ਼ਾਮਾਂ,

ਕਦਰਾਂ ਕੀਮਤਾਂ ਨੂੰ ਰਾਹ ਦਾ ਰੋੜਾ ਨਹੀਂ ਬਣਨ ਦਿੰਦੀ। ਜਿਵੇਂ ਸੁਲਘਦੇ ਸੁਪਨੇ ਵਿਚ ਸਰਵ ਗੋਰੇ ਮੁੰਡੇ ਈਅਨ ਨੂੰ ਪਿਆਰ ਕਰਦੀ ਹੈ। ਉਸ ਨਾਲ ਵਿਆਹ ਵੀ ਕਰਵਾਉਣਾ ਚਾਹੁੰਦੀ ਹੈ। ਪਰੰਤੂ ਜਦੋਂ ਉਸ ਦਾ ਪਿਤਾ ਬਲਕਾਰ ਉਸ ਅੱਗੇ ਆਪਣੇ ਸੱਭਿਆਚਾਰ ਦੀ ਦੁਹਾਈ ਦਿੰਦਾ ਹੈ ਤਾਂ ਸਰਵ ਇਹੋ ਜਿਹੀਆਂ ਪਰੰਪਰਕ ਕਦਰਾਂ ਕੀਮਤਾਂ ਤਿਆਗ ਕੇ ਪੱਛਮੀ ਰਹਿਤਲ ਦੀਆਂ ਕਦਰਾਂ ਕੀਮਤਾਂ ਨੂੰ ਤਰਜੀਹ ਦਿੰਦੀ ਹੈ। ਕਿਉਂਕਿ ਉਸ ਕੋਲ ਆਪਣੇ ਮੂਲ ਸੱਭਿਆਚਾਰ ਦੇ ਨਾਂ ਤੇ ਕੁਝ ਨਹੀਂ ਹੁੰਦਾ ਤੇ ਜਿਸ ਸੱਭਿਆਚਾਰ ਵਿਚ ਉਹ ਜੰਮੀ-ਪਲੀ ਹੁੰਦੀ ਹੈ ਉਸ ਦੀ ਆਜ਼ਾਦੀ ਤੋਂ ਉਹ ਮੂੰਹ ਨਹੀਂ ਫੇਰ ਸਕਦੀ।

> "ਕੀ ਕਹਿਣਗੇ ਲੋਕੀਂ.... ਡੈਡੀ.... ਇਹੋ ਕਿ ਬਲਕਾਰ ਸਿੰਘ ਗਿੱਲ ਦੀ ਧੀ ਇੱਕ ਗੋਰੇ ਨਾਲ ਅਣਵਿਆਹੀ ਰਹਿ ਰਹੀ ਹੈ। ਇਹ ਤਾਂ ਘਰ ਘਰ ਹੋ ਰਿਹਾ... ਡੈਡੀ....। ਅਸੀਂ ਤੁਹਾਡੀਆਂ ਵਾਹੀਆਂ ਲੀਕਾਂ ਅੰਦਰ ਨਹੀਂ ਰਹਿ ਸਕਦੇ। ਜੇ ਸਾਨੂੰ ਪੰਜਾਬੀ ਜਾਂ ਭਾਰਤੀ ਬਣਾ ਕੇ ਰੱਖਣਾ ਸੀ ਤਾਂ ਤੁਸੀਂ ਸਾਨੂੰ ਉੱਥੇ ਹੀ ਰੱਖ ਕੇ ਪੜ੍ਹਾਉਣਾ ਸੀ। ਅਸੀਂ ਆਪੇ ਹੀ ਪੰਜਾਬੀ ਰਹਿਣਾ ਸੀ। ਜਮਾਨਾ ਬਦਲ ਰਿਹਾ ਹੈ ਡੈਡੀ....? ਤੁਸੀਂ ਵੀ ਬਦਲੋ....। ਜਿਸ ਸੱਭਿਆਚਾਰ, ਜਿਸ ਸਮਾਕਜ 'ਚ ਤੁਸੀਂ ਜੰਮੇ, ਪਲੇ ਤੇ ਪੜ੍ਹੇ ਹਾਂ, ਰਹਿ ਰਹੇ ਹਾਂ ਉੱਥੋਂ ਦੀਆਂ ਕਦਰਾਂ ਕੀਮਤਾਂ ਵੀ ਸਾਨੂੰ ਅਪਨਾਉਣੀਆਂ ਪੈਣੀਆਂ।"[15]

ਸਰਨ ਅਤੇ ਤੇਜੀ ਦੇ ਰਿਸ਼ਤੇ ਸੰਬੰਧੀ ਜਦੋਂ ਸਰਨ ਆਪਣੀ ਸੰਸਕ੍ਰਿਤੀ, ਸੱਭਿਅਤਾ ਦੇ ਹਵਾਲੇ ਨਾਲ ਆਪਣੇ ਰਿਸ਼ਤੇ ਨੂੰ ਅਵੈਧ ਦਰਸਾਉਂਦਾ ਹੈ ਤਾਂ ਤੇਜੀ ਇਸ ਪਰੰਪਰਾਗਤ ਕਦਰਾਂ ਕੀਮਤਾਂ ਰਹੁ ਰੀਤਾਂ ਨੂੰ ਆਪਣੇ ਰਿਸ਼ਤੇ ਦੇ ਮੁਕਾਬਲੇ ਬਿਲਕੁਲ ਥੋਥਾ ਦੱਸਦੀ ਹੈ। ਉਹ ਸਰਨ ਨੂੰ ਸਮਝਾਉਂਦੀ ਹੈ:

> "ਇਹ ਵੀ ਕੀ ਸੱਭਿਅਤਾ ਹੈ ਸਰਨ, ਜਿੱਥੇ ਤੁਸੀਂ ਆਪਣੇ ਸੀਨੇ 'ਚ ਬਲਦੇ ਭਾਂਬੜ ਨੂੰ ਬੰਧਨਾਂ ਦੀ ਬਰਫ਼ 'ਚੋਂ ਕੱਢ ਨਿੱਘ ਟੋਲਣ ਦੀ ਵੀ ਇਜਾਜ਼ਤ ਨਹੀਂ ਦਿੰਦੇ। ਸੱਭਿਅਤਾ ਕਿਸੇ ਉੱਚੇ ਚੁਬਾਰੇਟ ਦੀ ਇੱਟ ਨਹੀਂ ਜਿਹੜੀ ਹਰ ਲੰਘਦੇ ਵੜਦੇ ਦਾ ਸਿਰ ਪਾੜੇ। ਇਹ ਤਾਂ ਨੀਂਹਾਂ ਵਿੱਚ ਲੱਗੀ ਨੀਲੀ ਇੱਟ ਹੈ ਜਿਸ ਤੇ ਭਵਿੱਖ ਦੇ ਮਹਿਲ ਉਸਾਰੇ ਜਾਂਦੇ ਹਨ।"[16]

© Associated Asia Research Foundation (AARF)

'ਵਿਗਠਤ ਪਰਿਵਾਰਕ ਰਿਸ਼ਤੇ' ਪਰਵਾਸੀ ਔਰਤ ਸਾਹਮਣੇ ਦਰਪੇਸ਼ ਆਉਂਦੀ ਇਕ ਹੋਰ ਮੁਸ਼ਕਲ ਹੈ। ਇਸ ਦਾ ਆਰੰਭ ਤਾਂ ਉਦੋਂ ਹੀ ਹੋ ਜਾਂਦਾ ਹੈ ਜਦੋਂ ਪਰਵਾਸ ਲਈ ਰਿਸ਼ਤਿਆਂ ਨੂੰ ਤੋੜ ਮਰੋੜ ਕੇ ਅੰਬੈਸੀ ਵਿਚ ਪੇਸ਼ ਕੀਤਾ ਜਾਂਦਾ ਹੈ। ਪਰਵਾਸ ਕਰਨ ਉਪਰੰਤ ਇਹ ਸਮੱਸਿਆ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ।'ਸਰਘੀ' ਨਾਵਲ ਵਿਚ ਸਰਘੀ ਮਿਸਟਰ ਅਤੇ ਮਿਸਜ਼ ਜੌਹਲ ਦੀ ਸਕੀ ਧੀ ਨਹੀਂ ਹੁੰਦੀ। ਪਰੰਤੂ ਸਾਰਾ ਪਰਿਵਾਰ ਉਸ ਨੂੰ ਧੀਆਂ ਵਾਂਗ ਪਾਲਦਾ ਹੈ ਓਤੇ ਇਸ ਗੱਲ ਬਾਰੇ ਉਸ ਨੂੰ ਪਹਿਲਾਂ ਪਹਿਲ ਦੱਸਿਆ ਵੀ ਨਹੀਂ ਜਾਂਦਾ। 'ਐਰਨ' ਜੋ ਕਿ ਸਰਘੀ ਦਾ ਮਤਰੇਆ ਭਰਾ ਹੁੰਦਾ ਹੈ। ਇਸ ਅਸਲੀਅਤ ਨੂੰ ਜਾਣਨ ਤੋਂ ਪਹਿਲਾਂ ਹੀ ਉਸ ਪ੍ਰਤੀ ਕਾਮੁਕ ਖਿੱਚ ਅਨੁਭਵ ਕਰਦਾ ਹੈ। 'ਸਰਘੀ' ਇਸ ਸਭ ਬਾਰੇ ਜਾਣਦੇ ਹੋਏ ਵੀ ਉਸ ਦਾ ਵਿਦਰੋਹ ਨਹੀਂ ਕਰਦੀ ਅਤੇ ਅੰਤ ਐਰਨ ਖੁਦਕੁਸ਼ੀ ਕਰਕੇ ਆਪਣੇ ਜਾਨ ਦੇ ਦਿੰਦਾ ਹੈ।

'ਨਸਲਵਾਦ' ਦੇ ਕਰੂਰ ਰੂਪ ਨਾਲ ਵੀ ਪਰਵਾਸੀ ਔਰਤ ਦਾ ਸਾਹਮਣਾ ਹੁੰਦਾ ਹੈ। ਪਰਵਾਸੀ ਔਰਤ ਨੂੰ ਪੱਛਮੀ ਸਮਾਜ ਵਿਚ ਬੇਸ਼ੱਕ ਤਰੱਕੀ ਦੇ ਅਣਗਿਣਤ ਮੌਕੇ ਮਿਲਦੇ ਹਨ, ਸ੍ਵੈ-ਨਿਰਭਰ ਹੋਣਾ ਵੀ ਸਿੱਖ ਜਾਂਦੀ ਹੈ। ਲੇਕਿਨ ਕਿਤੇ ਨਾ ਕਿਤੇ ਉਸ ਨੂੰ ਉੱਥੋਂ ਦੇ ਵਸਨੀਕਾਂ ਵੱਲੋਂ ਮੁਫ਼ਤ ਵਿਚ ਦਿੱਤੀ ਇਸ ਸੌਗਾਤ ਦਾ ਸਵਾਦ ਵੀ ਚੱਖਣਾ ਪੈਂਦਾ ਹੈ। ਜਿਵੇਂ ਕਿ 'ਸਰਘੀ' ਬਨਾਵਲ ਵਿਚ ਸਰਘੀ ਪੱਛਮੀ ਵਸਨੀਕ ਪੈਟਰੀਸ਼ਾ ਅਤੇ ਪੰਜਾਬੀ ਮੂਲ ਦੇ ਜਸਵਿੰਦਰ ਦੇ ਪਿਆਰ ਦੇ ਪਲਾਂ ਦੀ ਸਿਰਜਣਾ ਹੁੰਦੀ ਹੈ। ਲੇਕਿਨ ਪੈਟਰੀਸ਼ਾ ਦਾ ਬਾਪ ਜੋ ਕਿ ਨਸਲਵਾਦ ਦਾ ਕੱਟੜ ਹਮਾਇਤੀ ਹੁੰਦਾ ਹੈ, ਦੀ ਵਜ੍ਹਾ ਕਰਕੇ ਪੈਟਰੀਸ਼ਾ ਉਸ ਨੂੰ ਚਾਹ ਕੇ ਵੀ ਆਪਣਾ ਨਹੀਂ ਸਕਦੀ ਤੇ ਜੌਹਲ ਪਰਿਵਾਰ ਨੂੰ ਉਸ ਨੂੰ ਸੌਂਪ ਦਿੰਦੀ ਹੈ। ਇਸੇ ਪ੍ਰਕਾਰ ਜੌਹਲ ਪਰਿਵਾਰ ਦੀ ਛੋਟੀ ਧੀ 'ਸ਼ੀਲਾ' ਨੂੰ ਵੀ ਇਸੇ ਨਸਲਵਾਦ ਦੀ ਮਾਰ ਸਹਿੰਦੇ ਹੋਏ ਜਮਾਲ, ਸੁਲੇਮਾਨ ਅਤੇ ਉਸ ਦੇ ਗੈਂਗ ਦੇ ਪਹਿਲਾਂ ਗੈਂਗਰੇਪ ਦਾ ਸ਼ਿਕਾਰ ਹੋਣਾ ਪੈਂਦਾ ਹੈ ਤੇ ਫਿਰ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ।

ਪਰਵਾਸੀ ਔਰਤ ਨੂੰ ਪਰਾਈ ਧਰਤੀ ਤੇ ਸਰਰਿਕ ਅਤੇ ਮਾਨਸਿਕ ਉਤਪੀੜਨ ਦਾ ਸ਼ਿਕਾਰ ਵੀ ਹੋਣਾ ਪਿਆ ਹੈ। 'ਕਾਮੁਕ ਅਕਾਂਖਿਆ ਦੀ ਸੰਤੁਸ਼ਟੀ' ਉਸ ਦੇ ਮਾਨਸਿਕ ਦਵੰਦ ਦੇ ਸਿੱਟੇ ਵਜੋਂ ਉਪਜੀ ਇਕ ਹੋਰ ਪੀੜਾ ਬਣ ਕੇ ਸਾਹਮਣੇ ਆਉਂਦੀ ਹੈ। ਦਿਨ ਰਾਤ ਸ਼ਿਫਟਾਂ ਵਿਚ ਕੰਮ ਕਰਦਿਆਂ, ਹਰ ਪ੍ਰਕਾਰ ਦੇ ਸ਼ੋਸ਼ਣ ਨੂੰ ਸਹਾਰਦਿਆਂ ਉਸ ਲਈ ਕਾਮੁਕ ਅਕਾਂਖਿਆਵਾਂ ਦੀ ਪੂਰਤੀ ਕਰਨਾ ਇੱਕ ਜ਼ਰੂਰੀ ਅਸਲਾ ਬਣ ਜਾਂਦੀ ਹੈ। ਪਰੰਤੂ ਪਰਾਈ ਧਰਤੀ ਤੇ ਉਸ ਦੀਆ ਇਨ੍ਹਾਂ ਚਾਹਤਾਂ ਦੀ ਸੰਜੀਦਗੀ ਨੂੰ ਸਮਝਣ ਵਾਲਾ ਕੋਈ ਨਹੀਂ ਹੁੰਦਾ। ਇਸ ਲਈ ਉਹ ਇਸ ਕਾਮੁਕ ਵੇਗ ਨੂੰ ਠੱਲਣ ਦੇ ਕਈ ਹੋਰ ਅਵੈਧ ਰਸਤੇ ਲੱਭ ਲੈਂਦੀ ਹੈ। ਜਿਵੇਂ ਕਿ 'ਸੁਲਘਦੇ ਸੁਪਨੇ' ਨਾਵਲ ਵਿਚ ਰਮਨ ਜੋ ਕਿ ਬਾਰਾਂ ਕੁ ਵਰ੍ਹਿਆਂ ਦੇ ਕੁਲਤਾਰ ਦੀ ਅਧਿਆਪਕਾ ਹੁੰਦੀ ਹੈ ਕਾਮੁਕ ਪੱਧਰ 'ਤੇ ਅਸੰਤੁਸ਼ਟ ਹੁੰਦੀ ਹੈ। ਆਪਣੀ ਕਾਮੁਕ ਭੁੱਖ ਪੂਰੀ ਕਰਨ ਲਈ ਉਹ ਰਮਨ ਨੂੰ

© **Associated Asia Research Foundation (AARF)**
A Monthly Double-Blind Peer Reviewed Refereed Open Access International e-Journal - Included in the International Serial Directories.

ਕਾਮੁਕ ਤੌਰ 'ਤੇ ਉਤੇਜਿਤ ਕਰਨਾ ਸ਼ੁਰੂ ਕਰ ਦਿੰਦੀ ਹੈ। ਤੇ ਇਕ ਦਿਨ ਉਸ ਦੀ ਗੈਰਹਾਜ਼ਰੀ ਵਿਚ ਕਾਮਨਾਵਾਂ ਦੇ ਆਵੇਸ਼ ਵਿਚ ਆਇਆ ਕੁਲਤਾਰ 25 ਕੁ ਸਾਲਾਂ ਦੀ ਲੂਸੀ ਉੱਪਰ ਕਹਿਰ ਬਣ ਕੇ ਟੁੱਟ ਪੈਂਦਾ ਹੈ। ਮਾਸੂਮ ਕੁਲਤਾਰ ਜੋ ਕਿ ਇਸ ਸਭ ਤੋਂ ਅਣਜਾਣ ਹੁੰਦਾ ਹੈ, ਨੂੰ ਲੂਸੀ ਨਾਲ ਜਬਰ ਜਨਾਹ ਦੇ ਮਾਮਲੇ ਵਿਚ ਪੁਲਿਸ ਗ੍ਰਿਫ਼ਤਾਰ ਕਰ ਲੈਂਦੀ ਹੈ। ਰਮਨ ਖੁਦ ਇਸ ਗੱਲ ਲਈ ਆਪਣੇ ਆਪ ਨੂੰ ਕਸੂਰਵਾਰ ਸਮਝਦੀ ਹੋਈ ਮਨੋਬਚਨੀ ਕਰਦੀ ਹੈ:

> "ਖਬਰ ਪੜ੍ਹਦਿਆਂ ਉਸ ਨੂੰ ਮਹਿਸੂਸ ਹੋਇਆ ਕਿ ਅਖਬਾਰ ਦੀ ਇਹ ਘਟਨਾ ਵਾਪਰੀ ਭਾਵੇਂ ਕਿਸੇ ਹੋਰ ਨਾਲ ਸੀ ਪਰ ਇਸ ਦੀ ਜ਼ੁੰਮੇਵਾਰ ਉਹ ਹੀ ਹੈ। ਉਸੇ ਨੇ ਹੀ ਇਹ ਧਰਤੀ ਤਿਆਰ ਕੀਤੀ ਸੀ। ਇਸ ਦਾ ਉਹ ਹੀ ਕਾਰਨ ਹੈ। ਕੁਲਤਾਰ ਦੀ ਜ਼ਿੰਦਗੀ ਬਰਬਾਦ ਕਰਨ ਵਾਲੀ ਉਹ ਹੀ ਹੈ। ਉਹ ਆਪਣੇ ਆਪ ਨੂੰ ਕਸੂਰਵਾਰ ਸਮਝਣ ਲੱਗੀ। ਕੁਲਤਾਰ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੀ ਉਹ ਹੀ ਸੀ। ਸੋਚਦਿਆਂ ਉਸ ਦਾ ਅੰਦਰ ਇਕ ਧੂੰਏ ਨਾਲ ਭਰ ਗਿਆ। ਕਾਲਾ, ਗਾੜ੍ਹਾਂ ਤੇ ਕੌੜਾ ਧੂੰਆਂ।"[17]

ਉਪਰੋਕਤ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪਰਵਾਸ ਨਾ ਕੇਵਲ ਔਰਤ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਪਰਿਵਾਰ ਉੱਥਲ-ਪੁੱਥਲ ਦਾ ਵੀ ਕਾਰਨ ਬਣਦਾ ਹੈ। ਪਰਵਾਸੀ ਔਰਤ ਦੇ ਵਿਚਾਰਾਂ ਦੀ ਖੁੱਲ੍ਹ, ਸਖਸ਼ੀ ਆਜ਼ਾਦੀ ਪ੍ਰਤੀ ਚੇਤੰਨਤਾ ਉਸ ਦੇ ਮਾਨਸਿਕ ਅਤੇ ਸਭਿਆਚਾਰਕ ਦਵੰਦ ਦਾ ਕਾਰਨ ਜ਼ਰੂਰ ਬਣਦੀ ਹੈ ਪਰ ਨਾਲ ਹੀ ਇਕ ਚੇਤੰਨ ਅਤੇ ਸ੍ਵੈ-ਨਿਰਭਰ ਔਰਤ ਦੀ ਹੋਂਦ ਨੂੰ ਵੀ ਚਿਤਰਦੀ ਹੈ। ਪਿੱਤਰਕੀ ਸਮਾਜਿਕ ਜਾਂਚੇ ਦੇ ਵਿਦਰੋਹ ਵਿਚ ਖੜ੍ਹੀ ਪਰਵਾਸੀ ਨਾਰੀ ਪਰਸਥਿਤੀਆਂ ਦੇ ਦਬਾਅ ਹੇਠ ਆ ਕੇ ਆਪਣੀ ਹੋਂਦ ਨੂੰ ਨਹੀਂ ਨਕਾਰਦੀ। ਪੱਛਮੀ ਰਹਿਤਲ ਵਿਚ ਆਜ਼ਾਦ ਪੰਛੀਵਾਂਗ ਪਰਵਾਜ਼ ਭਰਦੀ ਔਰਤ ਜੋ ਸਥਾਪਤ ਕਦਰਾਂ ਕੀਮਤਾਂ ਵਿਚ ਵਿਰੋਧ ਕਰਦੀ ਹੈ ਦੇ ਕਈ ਵਾਰ ਖੁਦ ਲਏ ਫੈਸਲੇ ਉੱਪਰ ਵੀ ਸਵਾਲੀਆ ਚਿੰਨ੍ਹ ਲੱਗਦਾ ਹੈ। ਲੇਕਿਨ ਨਵੇਂ ਮਾਡਲਾਂ ਦੀ ਖੋਜ ਵਿਚ ਨਿਕਲੀ ਔਰਤ ਦੋ ਸੱਭਿਆਚਾਰਾਂ ਦੇ ਵਿਚਕਾਰ ਆਪਣੀ ਸਪੇਸ ਸਿਰਜਣ ਲਈ ਨਿਰੰਤਰ ਯਤਨਸ਼ੀਲ ਰਹਿੰਦੀ ਹੈ।

**© Associated Asia Research Foundation (AARF)**
A Monthly Double-Blind Peer Reviewed Refereed Open Access International e-Journal - Included in the International Serial Directories.

**ਹਵਾਲੇ ਅਤੇ ਟਿੱਪਣੀਆਂ**


1. Robin Cohen, Global Diasporas : An Introduction, Pg. 9
2. ਡਾ. ਸਤਿੰਦਰ ਸਿੰਘ ਨੂਰ, 'ਪੰਜਾਬੀ ਡਾਇਸਪੋਰਾ', ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਯੋਜਿਤ 22ਵੀਂ ਅੰਤਰ ਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਵਿਚ ਪ੍ਰਸਤੁਤ ਖੋਜ ਪੱਤਰ
3. ਡਾ. ਹਰਚੰਦ ਸਿੰਘ ਬੇਦੀ, ਪਰਵਾਸੀ ਪੰਜਾਬੀਸਾਹਿਤ ਦੇ ਮਸਲੇ, ਪੰਨਾ 11
4. ਸੁਲਘਦੇ ਸੁਪਨੇ, ਪੰਨਾ 153
5. ਸੁਲਘਦੇ ਸੁਪਨੇ, ਪੰਨਾ 13
6. ਸੁਲਘਦੇ ਸੁਪਨੇ, ਪੰਨਾ 15
7. ਉਖੜੀਆਂ ਪੈੜਾਂ, ਪੰਨਾ 109
8. ਉਖੜੀਆਂ ਪੈੜਾਂ, ਪੰਨਾ 108
9. ਉਖੜੀਆਂ ਪੈੜਾਂ, ਪੰਨਾ 108
10. ਡਾ. ਅਤਰ ਸਿੰਘ, ਪਰਵਾਸ, ਅੰਕ 7, ਪੰਨਾ 12
11. ਰਿਸ਼ਤਿਆਂ ਦੇ ਮਾਰੂਥਲ, ਪੰਨਾ 65
12. ਉਖੜੀਆਂ ਪੈੜਾਂ, ਪੰਨਾ 154
13. ਸੁਲਘਦੇ ਸੁਪਨੇ, ਪੰਨਾ 121
14. ਸੁਲਘਦੇ ਸੁਪਨੇ, ਪੰਨਾ 71
15. ਸੁਲਘਦੇ ਸੁਪਨੇ, ਪੰਨਾ 158
16. ਉਖੜੀਆਂ ਪੈੜਾਂ, ਪੰਨਾ 203
17. ਸੁਲਘਦੇ ਸੁਪਨੇ, ਪੰਨਾ 205



**© Associated Asia Research Foundation (AARF)**